**ਚਿਲੀ ਦੇ ਰਾਸ਼ਟਰਪਤੀ ਦੀ ਭਾਰਤ ਦੀ ਰਾਜਕੀ ਯਾਤਰਾ (1 - 5 ਅਪ੍ਰੈਲ, 2025)**

27 ਮਾਰਚ, 2025

ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦੇ ਸੱਦੇ 'ਤੇ, ਚਿਲੀ ਗਣਰਾਜ ਦੇ ਰਾਸ਼ਟਰਪਤੀ ਮਹਾਮਹਿਮ ਸ਼੍ਰੀ ਗੈਬਰੀਅਲ ਬੋਰਿਕ ਫੋਂਟ 1-5 ਅਪ੍ਰੈਲ 2025 ਤੋਂ ਭਾਰਤ ਦੀ ਰਾਜਕੀ ਯਾਤਰਾ ਕਰਨਗੇ। ਉਨ੍ਹਾਂ ਨਾਲ ਮੰਤਰੀਆਂ, ਸੰਸਦ ਮੈਂਬਰਾਂ, ਸੀਨੀਅਰ ਅਧਿਕਾਰੀਆਂ, ਵਪਾਰਕ ਸੰਘਾਂ, ਮੀਡੀਆ ਅਤੇ ਭਾਰਤ-ਚਿਲੀ ਸੱਭਿਆਚਾਰਕ ਸੰਪਰਕ ਵਿੱਚ ਸ਼ਾਮਲ ਪ੍ਰਮੁੱਖ ਚਿਲੀਅਨਾਂ ਸਮੇਤ ਇੱਕ ਉੱਚ ਪੱਧਰੀ ਵਫਦ ਵੀ ਹੋਵੇਗਾ।

2. ਇਹ ਰਾਸ਼ਟਰਪਤੀ ਬੋਰਿਕ ਦਾ ਰਾਸ਼ਟਰਪਤੀ ਵਜੋਂ ਭਾਰਤ ਦਾ ਪਹਿਲਾ ਦੌਰਾ ਹੋਵੇਗਾ। ਉਹ 5 ਅਪ੍ਰੈਲ 2025 ਨੂੰ ਚਿਲੀ ਪਰਤਣ ਤੋਂ ਪਹਿਲਾਂ ਆਗਰਾ, ਮੁੰਬਈ ਅਤੇ ਬੰਗਲੁਰੂ ਦਾ ਦੌਰਾ ਕਰਨਗੇ। ਇਸ ਦੌਰੇ ਦੌਰਾਨ ਰਾਸ਼ਟਰਪਤੀ ਬੋਰਿਕ 1 ਅਪ੍ਰੈਲ, 2025 ਨੂੰ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨਾਲ ਗੱਲਬਾਤ ਕਰਨਗੇ, ਜਿਸ ਵਿੱਚ ਭਾਰਤ-ਚਿਲੀ ਸੰਬੰਧਾਂ ਦੇ ਸਮੁੱਚੇ ਖੇਤਰ ਨੂੰ ਸ਼ਾਮਲ ਕੀਤਾ ਜਾਵੇਗਾ। ਪ੍ਰਧਾਨ ਮੰਤਰੀ ਮਾਣਯੋਗ ਮਹਿਮਾਨਾਂ ਦੇ ਸਨਮਾਨ ਵਿੱਚ ਦੁਪਹਿਰ ਦੇ ਖਾਣੇ ਦੀ ਮੇਜ਼ਬਾਨੀ ਕਰਨਗੇ। ਆਪਣੇ ਦੌਰੇ ਦੌਰਾਨ, ਰਾਸ਼ਟਰਪਤੀ ਬੋਰਿਕ ਮਾਨਯੋਗ ਰਾਸ਼ਟਰਪਤੀ ਸ਼੍ਰੀਮਤੀ ਦ੍ਰੌਪਦੀ ਮੁਰਮੂ ਨਾਲ ਚਰਚਾ ਕਰਨਗੇ, ਜੋ ਉਹਨਾਂ ਦੇ ਸਨਮਾਨ ਵਿੱਚ ਭੋਜ ਦੀ ਮੇਜ਼ਬਾਨੀ ਕਰਨਗੇ।

3. ਚਿਲੀ ਨਾਲ ਭਾਰਤ ਦਾ ਰਿਸ਼ਤਾ ਰਵਾਇਤੀ ਤੌਰ 'ਤੇ ਸੁਹਿਰਦ ਅਤੇ ਮਿੱਤਰਤਾ ਵਾਲਾ ਰਿਹਾ ਹੈ। ਚਿਲੀ ਲਾਤੀਨੀ ਅਮਰੀਕੀ ਖੇਤਰ ਵਿੱਚ ਭਾਰਤ ਲਈ ਇੱਕ ਮਹੱਤਵਪੂਰਨ ਭਾਈਵਾਲ ਹੈ। ਚਿਲੀ ਐਲਏਸੀ ਖੇਤਰ ਦਾ ਸਿਰਫ ਇਕੋ ਦੇਸ਼ ਸੀ ਜਿਸਨੇ 1947 ਵਿੱਚ ਭਾਰਤ ਦੇ ਸੁਤੰਤਰਤਾ ਦਿਵਸ ਸਮਾਰੋਹ ਵਿੱਚ ਇੱਕ ਵਿਸ਼ੇਸ਼ ਰਾਜਦੂਤ ਭੇਜਿਆ ਸੀ। ਦੋਵੇਂ ਦੇਸ਼ਾਂ ਦੇ ਯੂਐਨਐਸਸੀ ਸੁਧਾਰ, ਜਲਵਾਯੂ ਪਰਿਵਰਤਨ, ਨਵਿਆਉਣਯੋਗ ਊਰਜਾ ਅਤੇ ਅੱਤਵਾਦ ਸਮੇਤ ਕਈ ਅੰਤਰਰਾਸ਼ਟਰੀ ਮੁੱਦਿਆਂ 'ਤੇ ਵਿਚਾਰ ਸਮਾਨ ਹਨ। ਚਿਲੀ ਐਲਏਸੀ ਖੇਤਰ ਵਿੱਚ ਭਾਰਤ ਲਈ ਇੱਕ ਮਹੱਤਵਪੂਰਨ ਵਪਾਰਕ ਭਾਈਵਾਲ ਵੀ ਹੈ।

4. ਮੁੰਬਈ ਅਤੇ ਬੰਗਲੁਰੂ ਵਿੱਚ, ਰਾਸ਼ਟਰਪਤੀ ਬੋਰਿਕ ਰਾਜਨੀਤਕ ਲੀਡਰਸ਼ਿਪ, ਕਾਰੋਬਾਰ ਅਤੇ ਉਦਯੋਗ ਦੇ ਨੁਮਾਇੰਦਿਆਂ, ਸਟਾਰਟਅੱਪ, ਇਨੋਵੇਟਰ ਅਤੇ ਟੈਕ ਲੀਡਰਾਂ ਨਾਲ ਮੁਲਾਕਾਤ ਕਰਨਗੇ।

5. ਰਾਸ਼ਟਰਪਤੀ ਬੋਰਿਕ ਦੀ ਅਗਾਮੀ ਰਾਜਕੀ ਯਾਤਰਾ ਆਗੂਆਂ ਨੂੰ ਦੁਵੱਲੇ ਸਬੰਧਾਂ ਦੀ ਵਿਆਪਕ ਸਮੀਖਿਆ ਕਰਨ ਦੇ ਨਾਲ-ਨਾਲ ਆਪਸੀ ਹਿੱਤਾਂ ਦੇ ਖੇਤਰੀ ਅਤੇ ਅੰਤਰਰਾਸ਼ਟਰੀ ਮੁੱਦਿਆਂ 'ਤੇ ਚਰਚਾ ਕਰਨ ਦਾ ਮੌਕਾ ਪ੍ਰਦਾਨ ਕਰੇਗੀ।

ਨਵੀਂ ਦਿੱਲੀ
27 ਮਾਰਚ, 2025